**ਰਜਿਸਟਰਡ / ਈ ਮੇਲ / ਭੁਰੰਤ / ਮਿਤੀ ਬੰਧ**

ਨੰਬਰ / SMLD/(2021) 496                                        ਮਿਤੀ 23/10/2021

ਵੱਲੋਂ :

ਪ੍ਰਿੰਸੀਪਲ,
ਸ਼ਹੀਦ ਮਦਨ ਲਾਲ ਢੀਂਗਰਾ
ਸਰਕਾਰੀ ਸਕੂਲ ਆਫ ਨਰਸਿੰਗ, ਅੰਮ੍ਰਿਤਸਰ

ਸੇਵਾ ਵਿਖੇ :

ਰਜਿਸਟਰਾਰ,
ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼,
ਫਰੀਦਕੋਟ ।

**ਵਿਸ਼ਾ:-** **ਸਰਕਾਰੀ ਨਰਸਿੰਗ ਸਕੂਲਾਂ ਵਿੱਚ ਸੈਂਟਰਲਾਇਜ ਕੌਂਸਲਿੰਗ ਸਮੇਂ ਖਾਲੀ ਰਹਿ ਗਈਆਂ 32 ਸੀਟਾਂ ਭਰਨ ਸਬੰਧੀ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪ੍ਰਬੰਧਕੀ ਨਿਰਦੇਸ਼ਕ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਐਸ. ਏ. ਐਸ. ਨਗਰ ਮੋਹਾਲੀ ਜੀ ਦੇ ਪੱਤਰ ਨੰ PHSC/GNM/C-9/20/125-26 ਮਿਤੀ 17.11.2020 ਰਾਹੀਂ ਸਰਕਾਰੀ ਨਰਸਿੰਗ ਸਕੂਲਾਂ ਦੀਆਂ ਖਾਲੀ ਰਹਿ ਗਈਆਂ 32 ਸੀਟਾਂ ਸਬੰਧੀ ਡਾਇਰੈਕਟਰ, ਆਈ. ਐਮ. ਐਚ, ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਕਮੇਟੀ ਬਣਾ ਕੇ ਖਾਲੀ ਸੀਟਾਂ ਭਰਨ ਦੀ ਹਦਾਇਤ ਕੀਤੀ ਗਈ ਹੈ । ਇਸ ਸਬੰਧੀ ਮਿਤੀ ਡਾਇਰੈਕਟਰ, ਆਈ. ਐਮ. ਐਚ, ਅੰਮ੍ਰਿਤਸਰ ਜੀ ਵੱਲੋਂ ਪੱਤਰ ਨੰ 3099-3109 ਮਿਤੀ 18.10.2021 ਰਾਹੀਂ ਮਿਤੀ 27.10.2021 ਨੂੰ ਸ਼ਹੀਦ ਮਦਨ ਲਾਲ ਢੀਂਗਰਾ ਸਰਕਾਰੀ ਸਕੂਲ ਆਫ ਨਰਸਿੰਗ, ਅੰਮ੍ਰਿਤਸਰ ਵਿਖੇ ਜੀ.ਐਨ.ਐਮ ਦੀਆਂ ਖਾਲੀ ਸੀਟਾਂ ਭਰਨ ਲਈ ਤੀਸਰੀ ਕੌਂਸਲਿੰਗ (ਫਿਜੀਕਲ) ਰੱਖੀ ਗਈ ਹੈ । ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ **ਮਿਤੀ 27.10.2021 ਨੂੰ ਸ਼ਹੀਦ ਮਦਨ ਲਾਲ ਢੀਂਗਰਾ ਸਰਕਾਰੀ ਸਕੂਲ ਆਫ ਨਰਸਿੰਗ, ਅੰਦਰੂਨ ਸਰਕਾਰੀ ਮੈਂਟਲ ਹਸਪਤਾਲ, ਸਰਕੂਲਰ ਰੋਡ, ਅੰਮ੍ਰਿਤਸਰ ਵਿਖੇ ਰੱਖੀ ਜੀ.ਐਨ.ਐਮ ਤੀਸਰੀ (ਫਿਜ਼ੀਕਲ) ਕੌਂਸਲਿੰਗ** ਸਬੰਧੀ ਆਪ ਜੀ ਦੀ ਵੈਬਸਾਈਟ ਤੇ ਸੂਚਨਾ ਡਿਸਪਲੇਅ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ਤਾਂ ਜੋ ਵਿਦਿਆਰਥੀਆਂ ਨੂੰ ਇਸ ਸਬੰਧੀ ਸੂਚਨਾ ਮੁਹੱਈਆ ਕਰਵਾਈ ਜਾ ਸਕੇ ।

ਧੰਨਵਾਦ ਸਹਿਤ ।

ਪ੍ਰਿੰਸੀਪਲ,
ਸ਼ਹੀਦ ਮਦਨ ਲਾਲ ਢੀਂਗਰਾ ਮੈਮੋਰੀਅਲ,
ਸਰਕਾਰੀ ਸਕੂਲ ਆਫ ਨਰਸਿੰਗ,
ਅੰਮ੍ਰਿਤਸਰ

ਪਿੱਠ ਅੰਕਣ ਨੰਬਰ / SMLD (2021)__________                    ਮਿਤੀ __________

ਉਤਾਰਾ ਡਾਇਰੈਕਟਰ, ਆਈ.ਐਮ.ਐਚ, ਅੰਮ੍ਰਿਤਸਰ ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ।

Sd/-

ਪ੍ਰਿੰਸੀਪਲ,
ਸ਼ਹੀਦ ਮਦਨ ਲਾਲ ਢੀਂਗਰਾ ਮੈਮੋਰੀਅਲ,
ਸਰਕਾਰੀ ਸਕੂਲ ਆਫ ਨਰਸਿੰਗ,
ਅੰਮ੍ਰਿਤਸਰ

Scanned with CamScanner